# ਪੰਜਾਬ ਟੈਕਨੀਕਲ ਯੂਨੀਵਰਸਿਟੀ

(ਦਫਤਰ ਰਜਿਸਟਰਾਰ)

ਨੰ: ਪੀ.ਟੀ.ਯੂ/ ਰਜਿ/ ਨੋਟੀਫਿਕੇਸ਼ਨ/ 51 ਮਿਤੀ: 12-08-11

## ਨੋਟੀਫਿਕੇਸ਼ਨ

ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿੱਚ ਕੰਮ ਕਰ ਰਹੇ ਮੁਲਾਜ਼ਮ ਅਤੇ ਉਨ੍ਹਾਂ ਦੇ ਬੱਚਿਆਂ ਲਈ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਦੇ ਰਿਜ਼ਨਲ ਸੈਂਟਰਾਂ ਤੇ ਪੜ੍ਹਨ ਲਈ ਫੀਸਾਂ ਵਿੱਚ ਮੁਆਫੀ ਸਬੰਧੀ ਹੇਠ ਲਿਖੇ ਨਿਯਮ ਬਣਾਏ ਗਏ ਹਨ:-

1. ਯੂਨੀਵਰਸਿਟੀ ਦੇ ਮੁਲਾਜ਼ਮ, ਜਿਨ੍ਹਾਂ ਨੂੰ ਪੜ੍ਹਨ ਦੀ ਪ੍ਰਵਾਨਗੀ ਮਿਲੀ ਹੋਵੇ, ਨੂੰ ਯੂਨੀਵਰਸਿਟੀ ਵੱਲੋਂ ਪੂਰੀ ਫੀਸ ਮੁਆਫ ਕੀਤੀ ਜਾਵੇਗੀ।
2. ਯੂਨੀਵਰਸਿਟੀ ਦੇ ਮੁਲਾਜਮਾਂ ਦੇ ਬੱਚਿਆ (ਜੋ ਵਿਆਹੇ ਨਾ ਹੋਣ/ਖੁਦ ਨੌਕਰੀ ਨਾ ਕਰਦੇ ਹੋਣ) ਨੂੰ ਵੀ ਯੂਨੀਵਰਸਿਟੀ ਵੱਲੋਂ ਫੀਸ ਵਿੱਚ ਰਿਆਇਤ ਹੇਠ ਲਿਖੇ ਅਨੁਸਾਰ ਕੀਤੀ ਜਾਵੇਗੀ:-

   Upto 18450/- (Basic+Grade Pay) Full fee Concession

   Rs. 18450/- to 21600/- (Basic+Grade Pay) 50% Concession

   Rs. 21601/-and above (Basic+Grade Pay) 25% Concession.

   ੳ) ਜੇਕਰ ਬੱਚੇ ਦੇ ਮਾਤਾ-ਪਿਤਾ ਦੋਵੇਂ ਹੀ ਯੂਨੀਵਰਸਿਟੀ ਦੇ ਮੁਲਾਜ਼ਮ ਹੋਣ ਤਾਂ ਬੱਚਾ, ਮਾਤਾ ਜਾਂ ਪਿਤਾ ਦੋਵਾਂ ਵਿਚੋਂ ਇੱਕ ਰਾਹੀਂ ਹੀ ਫੀਸ ਵਿੱਚ ਛੋਟ ਦਾ ਲਾਭ ਉਠਾਵੇਗਾ।

3. ਪੰਜਾਬ ਸਰਕਾਰ ਦੇ ਮੁਲਾਜ਼ਮ, ਜੋ ਡੈਪੂਟੇਸ਼ਨ ਤੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿੱਚ ਕੰਮ ਕਰਦੇ ਹੋਣ, ਉਨ੍ਹਾਂ ਤੇ ਅਤੇ ਉਨ੍ਹਾਂ ਦੇ ਬੱਚਿਆਂ ਤੇ ਵੀ ਫੀਸ ਮੁਆਫੀ ਸਬੰਧੀ ਨਿਯਮ ਲਾਗੂ ਹੋਣਗੇ।
4. ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਮੁਲਾਜ਼ਮਾਂ ਤੇ ਫੀਸ ਵਿੱਚ ਰਿਆਇਤਾਂ ਸਬੰਧੀ ਨਿਯਮ ਓਦੋਂ ਤੱਕ ਹੀ ਲਾਗੂ ਹੋਣਗੇ ਜਦੋਂ ਤਕ ਉਹ ਯੂਨੀਵਰਸਿਟੀ ਦੇ ਮੁਲਾਜ਼ਮ ਰਹਿਣਗੇ। ਮੁਲਾਜ਼ਮ ਵੱਲੋਂ ਅਸਤੀਫਾ ਦੇਣ, ਰਿਟਾਇਰ ਹੋਣ, ਨੌਕਰੀ ਤੋਂ ਬਰਖਾਸਤ ਹੋਣ, ਡੈਪੂਟੈਸ਼ਨ ਖਤਮ ਹੋਣ ਅਤੇ ਇਸ ਤਰ੍ਹਾਂ ਦੇ ਹੋਰ ਕਾਰਨਾਂ ਤੋਂ ਬਾਅਦ ਮੁਲਾਜ਼ਮ ਤੇ ਫੀਸ ਵਿੱਚ ਰਿਆਇਤਾਂ ਸਬੰਧੀ ਨਿਯਮ ਲਾਗੂ ਨਹੀਂ ਹੋਣਗੇ।

ਰਜਿਸਟਰਾਰ

ਪੰਜਾਬ ਟੈਕਨੀਕਲ ਯੂਨੀਵਰਸਿਟੀ

ਉਤਾਰਾ:

1. ਉਪ-ਕੁਲਪਤੀ ਜੀ ਦੇ ਨਿੱਜੀ ਸਕੱਤਰ ਨੂੰ ਸੂਚਨਾ ਹਿੱਤ।
2. ਸਾਰੇ ਵਿਭਾਗਾਂ ਦੇ ਮੁੱਖੀ (ਆਪਣੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਸੂਚਨਾ ਹਿੱਤ)
3. ਡਿਪਟੀ ਕੰਟਰੋਲਰ, ਪ੍ਰੀਖਿਆ (ਸਾਰੇ ਕਾਲਜਾਂ ਅਤੇ ਰਿਜਨਲ ਸੈਂਟਰਾਂ ਦੇ ਲਾਗ-ਆਨ ਤੇ ਅਪਲੋਡ ਕਰਨ ਹਿੱਤ)
4. ਡਿਪਟੀ ਰਜਿਸਟਰਾਰ, ਕੰਪਿਊਟਰ ਸੈਲ (ਯੂਨੀਵਰਸਿਟੀ ਦੀ ਵੈੱਬ-ਸਾਈਟ ਤੇ ਸਾਰੇ ਨੋਟਿਸ ਬੋਰਡ ਤੇ ਅਪਲੋਡ ਕਰਨ ਹਿੱਤ)
5. ਪ੍ਰਿੰਸੀਪਲ (ਸਾਰੇ ਸਬੰਧਤ ਕਾਲਜ)
6. ਕੋਆਰਡੀਨੇਟਰ (ਸਾਰੇ ਸਬੰਧਤ ਰਿਜਨਲ ਸੈਂਟਰ)